International Research Journal of Human Resources and Social Sciences
Vol. 4, Issue 3, March 2017 Impact Factor- 5.414
ISSN(O): (2349-4085) ISSN(P): (2394-4218)
© Associated Asia Research Foundation (AARF) Publication
Website: www.aarf.asia Email : editor@aarf.asia , editoraarf@gmail.com

# ਅਗਨਸੁਤਾ

## (AGNASUTA)

**ਵੀਰਪਾਲ ਸਿੰਘ**
**ਸਹਾਇਕ ਪ੍ਰੋਫ਼ੈਸਰ**
**ਪੋਸਟ ਗ੍ਰੈਜੂਏਟ ਰਾਜਨੀਤੀ ਵਿਗਿਆਨ ਵਿਭਾਗ**
**ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ਼**
**ਸ੍ਰੀ ਅਨੰਦਪੁਰ ਸਾਹਿਬ।**

ਭਾਰਤੀ ਰਾਜਨੀਤਕ ਚਿੰਤਨ ਵਿੱਚ ਬੁੱਧ ਧਰਮ ਦੇ ਗ੍ਰੰਥਾਂ ਦਾ ਮਹੱਤਵਪੂਰਨ ਸਥਾਨ ਹੈ । ਭਾਵੇਂ ਇਸ ਦਾ ਕੋਈ ਵੀ ਪ੍ਰਤੱਖ ਸਬੂਤ ਨਹੀਂ ਮਿਲਦਾ ਕਿ ਮਹਾਤਮਾ ਬੁੱਧ ਨੇ ਸਿੱਧੇ ਤੌਰ 'ਤੇ ਰਾਜਨੀਤਕ ਸਿਧਾਂਤ ਦਿੱਤੇ ਸਨ ਜਿਹੜੇ ਮੌਜੂਦਾ ਸਮੇਂ ਨਾਲ ਸਬੰਧਤ ਹੋਣ। ਪਰ ਉਨ੍ਹਾਂ ਨੇ ਜੋ ਉਪਦੇਸ਼ ਸਮਾਜ, ਰਾਜ ਸੰਸਥਾਵਾਂ, ਧਾਰਮਿਕ ਆਗੂਆਂ ਨੂੰ ਦਿੱਤੇ ਉਨ੍ਹਾਂ ਦਾ ਜੇਕਰ ਗੰਭੀਰ ਅਧਿਐਨ ਕੀਤਾ ਜਾਵੇ ਤਾਂ ਮੌਜੂਦਾ ਸਮੇਂ ਦੀਆਂ ਰਾਜਨੀਤਕ ਸਮੱਸਿਆਵਾਂ ਦੇ ਹੱਲ ਲੱਭੇ ਜਾ ਸਕਦੇ ਹਨ । ਬੁੱਧ ਧਰਮ ਦੇ ਸਾਰੇ ਸਰੋਤਾਂ ਵਿੱਚੋਂ **ਅਗਨਸੁਤਾ** ਨੂੰ ਮਹੱਤਵਪੂਰਨ ਸਥਾਨ ਹਾਸਿਲ ਹੈ ਜਿਸ ਵਿੱਚ ਰਾਜ ਦੀ ਉਤਪਤੀ , ਪ੍ਰਬੰਧ ਅਤੇ ਕਾਰਜਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਗਿਆ ਹੈ । **ਅਗਨਸੁਤਾ** ਵਿੱਚ ਪ੍ਰਾਪਤ ਵਿਚਾਰਾਂ ਨੂੰ ਅਸੀਂ ਹੇਠ ਲਿਖੇ ਅਨੁਸਾਰ ਲਿਖ ਸਕਦੇ ਹਾਂ :

1. **ਰਾਜ ਦੀ ਉਤਪਤੀ ਦਾ ਸਿਧਾਂਤ** **(The principle of the origin of the state):** ਰਾਜ ਦੀ ਉਤਪਤੀ ਦੇ ਸਿਧਾਂਤ ਦੀ ਵਿਆਖਿਆ ਸਾਨੂੰ **'ਅਗਨਸੁਤਾ'** ਦੇ **'ਦਿਗਾ ਨਿਕਾਇਆ'** ਵਿੱਚੋਂ ਮਿਲਦੇ ਹਨ ਜੋ ਕਿ ਵਿਕਾਸਵਾਦੀ ਸਿਧਾਂਤ ਨਾਲ ਮੇਲ ਖਾਂਦੇ ਹਨ, ਜਿਸ ਅਨੁਸਾਰ ਰਾਜ ਦੀ ਉਤਪਤੀ ਨੂੰ ਵੱਖ -ਵੱਖ ਧਾਰਾਵਾਂ ਤੇ ਦੋ ਸਿਧਾਂਤਾਂ ਵਿੱਚ ਵਰਣਿਤ ਕੀਤਾ ਜਾ ਸਕਦਾ ਹੈ। ਇਹ ਸਿਧਾਂਤ ਹਨ **'ਬ੍ਰਹਿਮੰਡ ਦਾ ਵਿਕਾਸ ਅਤੇ ਰਾਜ ਦੀ ਉਤਪਤੀ'** ਅਤੇ **'ਮਨੁੱਖ ਦਾ ਵਿਕਾਸ ਅਤੇ ਰਾਜ ਦੀ ਉਤਪਤੀ'** ਇਨ੍ਹਾਂ ਦੋਨਾਂ ਸਿਧਾਂਤਾਂ ਦਾ ਆਪਣਾ-ਆਪਣਾ ਮਹੱਤਵ ਹੈ।
2. **ਜੀਵ ਜੰਤੂਆਂ ਅਤੇ ਵਿਸ਼ਵ ਦੀ ਉਤਪਤੀ** **(The Origin of the Living creatures and World):** ਅਗਨ ਦੇ ਅਨੁਸਾਰ ਕੁਝ ਸਮਾਂ ਗੁਜ਼ਰ ਜਾਣ ਤੋਂ ਬਾਅਦ ਇੱਕ ਅਜਿਹਾ ਸਮਾਂ ਆਇਆ ਕਿ ਕੁਦਰਤੀ ਨਿਯਮਾਂ

ਅਧੀਨ ਸ਼ਕਤੀ ਦੇ ਦੁਆਰਾ ਸੰਸਾਰ ਅਤੇ ਜੀਵ ਜੰਤੂਆਂ ਦਾ ਵਿਕਾਸ ਹੋਇਆ ਅਤੇ ਇਸ ਦਾ ਕੋਈ ਨਿਰਮਾਤਾ ਨਹੀਂ ਸੀ। ਸ਼ੁਰੂ-ਸ਼ੁਰੂ ਵਿੱਚ ਉਤਪੰਨ ਹੋਏ ਸਾਰੇ ਇਨਸਾਨ ਆਪਸ ਵਿੱਚ ਬਰਾਬਰ ਸਨ, ਪਰ ਹੌਲੀ-ਹੌਲੀ ਆਪਣੇ ਕਰਮਾਂ ਦੇ ਆਧਾਰ ਦੇ ਉੱਤੇ ਉਨ੍ਹਾਂ ਵਿਚਕਾਰ ਵਿਖਰੇਵਾਂ ਆਉਂਦਾ ਗਿਆ । ਇੱਕ ਥਾਂ 'ਤੇ ਲਿਖਿਆ ਗਿਆ ਹੈ ਕਿ ਸੰਸਾਰ ਦੇ ਇੱਕ ਵਾਰ ਨਸ਼ਟ ਹੋਣ ਜਾਣ ਤੋਂ ਬਾਅਦ ਸ਼ਕਤੀ ਦੇ ਦੁਆਰਾ ਸਾਰੇ ਸੰਸਾਰ ਨੂੰ ਫਿਰ ਤੋਂ ਬਣਾਇਆ ਗਿਆ। ਮਨੁੱਖ ਅਤੇ ਜੀਵ ਜੰਤੂ ਸਭ ਇਸ ਵਿਕਾਸ ਦਾ ਹੀ ਸਿੱਟਾ ਹਨ।

3. **ਇਨਸਾਨਾਂ ਵਿਚਕਾਰ ਵਿਤਕਰੇ ਦੀ ਸ਼ੁਰੂਆਤ The beginning of discrimination between human beings):** ਅਗਨ ਸੁੱਤਾ ਅਨੁਸਾਰ ਸ਼ੁਰੂ -ਸ਼ੁਰੂ ਵਿੱਚ ਮਨੁੱਖ ਸਹਿਣਸ਼ੀਲ ਅਤੇ ਅਨੰਦਮਈ ਜੀਵਨ ਬਤੀਤ ਕਰਦਾ ਸੀ। ਮਨੁੱਖ ਉੱਡ ਸਕਦਾ ਸੀ ਅਤੇ ਧਰਤੀ ਵਿੱਚ ਆ ਰਹੀਆਂ ਤਬਦੀਲੀਆਂ ਦੇਖ ਸਕਦਾ ਸੀ, ਪਰ ਜਦੋਂ ਉਹ ਧਰਤੀ 'ਤੇ ਆ ਕੇ ਸਥਾਈ ਤੌਰ 'ਤੇ ਰਹਿਣ ਲੱਗਿਆ ਅਤੇ ਅੰਦਰੂਨੀ ਪ੍ਰਕਾਸ਼ ਦੇ ਪ੍ਰਭਾਵ ਕਾਰਨ ਉਨ੍ਹਾਂ ਦੀ ਚਮੜੀ ਦਾ ਰੰਗ ਬਦਲ ਗਿਆ। ਜਿਸ ਕਾਰਨ ਕੁਝ ਜੀਵ ਸੁੰਦਰ ਅਤੇ ਕੁੱਝ ਭੱਦੇ ਲੱਗਣ ਲੱਗ ਗਏ, ਕੁਝ ਚੰਗੇ ਰਹਿ ਗਏ ਅਤੇ ਕੁਝ ਮਾੜੇ ਬਣ ਗਏ। ਇਸ ਕਾਰਨ ਸੁੰਦਰ ਅਤੇ ਚੰਗੇ ਜੀਵ ਮਾੜੀ ਦਿੱਖ ਵਾਲੇ ਲੋਕਾਂ ਦੀ ਆਲੋਚਨਾ ਕਰਨ ਲੱਗ ਪਏ। ਇਸ ਤਰ੍ਹਾਂ ਇਹ ਸਿੱਧ ਹੁੰਦਾ ਹੈ ਕਿ ਸ਼ੁਰੂ ਵਿੱਚ ਕਿਸੇ ਤਰ੍ਹਾਂ ਦਾ ਵਿਤਕਰਾ ਨਹੀਂ ਸੀ, ਪਰ ਹੌਲੀ- ਹੌਲੀ ਚਮੜੀ ਦੇ ਰੰਗ ਕਰਕੇ ਵਿਤਕਰਾ ਹੋਣਾ ਸ਼ੁਰੂ ਹੋ ਗਿਆ । ਇਸੇ ਤਰ੍ਹਾਂ ਜਦੋਂ ਮਨੁੱਖ ਨੇ ਗੈਰ -ਕੁਦਰਤੀ ਭੋਜਨ ਕਰਨਾ ਸ਼ੁਰੂ ਕਰ ਦਿੱਤਾ ਉਸ ਵਿੱਚ ਬੀਮਾਰੀਆਂ ਅਤੇ ਕਰੂਪਤਾ ਵਧਦੀ ਗਈ । ਫਿਰ ਮਨੁੱਖ ਦੇ ਇਸ ਸਮਾਜਿਕ ਜੀਵਨ ਦੀਆਂ ਚੰਗੀਆਂ -ਮਾੜੀਆਂ ਗਤੀਵਿਧੀਆਂ ਨੂੰ ਨਿਯੰਤਰਿਤ ਕਰਨ ਲਈ ਸਮਾਜਿਕ ਨੇਤਾ ਚੁਣੇ ਗਏ।

4. **ਇਨਸਾਨ ਅਤੇ ਉਸ ਦੀਆਂ ਭੋਜਨ ਦੀਆਂ ਆਦਤਾਂ ਵਿੱਚ ਵਿਕਾਸ (Development in man and his eating habits):** ਅਗਨਸੁਤਾ ਅਨੁਸਾਰ ਸ਼ੁਰੂ ਵਿੱਚ ਮਨੁੱਖ ਕੁਦਰਤੀ ਭੋਜਨ ਖਾਂਦਾ ਸੀ ਜੋ ਕਿ ਉਸ ਨੂੰ ਤੰਦਰੁਸਤ ਰੱਖਦਾ ਸੀ ਪਰ ਹੌਲੀ-ਹੌਲੀ ਉਸ ਦੀ ਭੁੱਖ ਵਧਦੀ ਗਈ ਅਤੇ ਉਸ ਨੇ ਨਵੇਂ ਭੋਜਨਾਂ ਦੀ ਭਾਲ ਕਰਨੀ ਸ਼ੁਰੂ ਕਰ ਦਿੱਤੀ। ਹੌਲੀ-ਹੌਲੀ ਉਸ ਵਿੱਚ ਭੋਜਨ ਦੀਆਂ ਨਵੀਆਂ ਆਦਤਾਂ ਪੈਦਾ ਹੁੰਦੀਆਂ ਗਈਆਂ। ਜਿਸ ਕਰਕੇ ਚਾਵਲ ਉਸ ਦੁਆਰਾ ਖਾਧਾ ਜਾਣ ਵਾਲਾ ਸਭ ਤੋਂ ਮਹੱਤਵਪੂਰਨ ਭੋਜਨ ਬਣ ਗਿਆ। ਇਸ ਕਾਰਨ ਕਰਕੇ ਮਨੁੱਖ ਦੇ ਸਰੀਰ ਵਿੱਚ ਅਨੇਕਾਂ ਤਰ੍ਹਾਂ ਦੇ ਵਿਕਾਰ ਆਉਣੇ ਸ਼ੁਰੂ ਹੋ ਗਏ।

5. **ਲੈਂਗਿਕ ਸਬੰਧ ਅਤੇ ਸਮਾਜ ਦਾ ਗਠਨ (Sexual relations and society formation):** ਮਨੁੱਖ ਬ੍ਰਹਿਮੰਡ ਦੇ ਵਿਕਾਸ ਦੇ ਸ਼ੁਰੂ ਤੋਂ ਹੀ ਹੋਂਦ ਵਿੱਚ ਸੀ ਪਰ ਉਨ੍ਹਾਂ ਵਿੱਚ ਲਿੰਗਕ ਵਿਕਾਸ ਨਹੀਂ ਹੋਇਆ ਸੀ । ਜਿਸ ਕਰਕੇ ਨਾ ਤਾਂ ਕੋਈ ਮਰਦ ਸੀ ਅਤੇ ਨਾ ਹੀ ਕੋਈ ਔਰਤ। ਜਦੋਂ ਲੰਬੇ ਅਰਸੇ ਤੱਕ ਮਨੁੱਖ ਨੇ ਚਾਵਲਾਂ ਨੂੰ ਆਪਣੇ ਭੋਜਨ ਵਿੱਚ ਵਰਤਿਆ ਫਿਰ ਉਨ੍ਹਾਂ ਦੀ ਸਰੀਰਕ ਬਨਾਵਟ ਵਿੱਚ ਤਬਦੀਲੀ ਆਈ ਅਤੇ ਉਨ੍ਹਾਂ ਨੂੰ ਔਰਤ ਅਤੇ

ਮਰਦ ਦੀ ਪਹਿਚਾਣ ਮਿਲੀ। ਫਿਰ ਇਸ ਧਰਤੀ ਉੱਤੇ ਆਏ ਪਹਿਲੇ ਜੋੜੇ ਵਿਚਕਾਰ ਲਿੰਗੀ ਸਬੰਧ ਸਥਾਪਤ ਹੋ ਗਏ। ਜਿਸ ਤੋਂ ਇਨ੍ਹਾਂ ਦੇ ਅੱਗੇ ਔਲਾਦਾਂ ਹੋਣੀਆਂ ਸ਼ੁਰੂ ਹੋ ਗਈਆਂ । ਇਨ੍ਹਾਂ ਔਲਾਦਾਂ ਨੇ ਆਪਣੇ -ਆਪਣੇ ਘਰ ਬਣਾਉਣੇ ਸ਼ੁਰੂ ਕਰ ਦਿੱਤੇ ਅਤੇ ਰੰਗ ਦੇ ਆਧਾਰ 'ਤੇ ਵੱਖ- ਵੱਖ ਗਰੁੱਪ ਬਣਾ ਕੇ ਰਹਿਣ ਲੱਗੇ। ਇਸ ਤਰ੍ਹਾਂ ਰੰਗ ਅਤੇ ਚਮੜੀ ਦੇ ਆਧਾਰ 'ਤੇ ਮਨੁੱਖ ਨੇ ਵੱਖ-ਵੱਖ ਰਹਿਣਾ ਸ਼ੁਰੂ ਕਰ ਦਿੱਤਾ ਤੇ ਇੱਕ ਵੱਖਰੇ ਸਮਾਜ ਦੀ ਸਥਾਪਨਾ ਕੀਤੀ।

6. **ਨਿੱਜੀ ਸੰਪਤੀ ਦੀ ਉਤਪਤੀ (Origin of personal property):** ਸ਼ੁਰੂਆਤ ਵਿੱਚ ਅਜਿਹਾ ਕੋਈ ਕਾਰਨ ਮੌਜੂਦ ਨਹੀਂ ਸੀ ਕਿ ਮਨੁੱਖ ਇੱਕ ਸਮਾਜ ਵਿੱਚ ਇਕੱਠੇ ਹੋ ਕੇ ਰਹਿੰਦੇ। ਇਸ ਲਈ ਉਨ੍ਹਾਂ ਨੂੰ ਇਕੱਲੇ ਅਤੇ ਸੁਤੰਤਰ ਰਹਿਣਾ ਪਸੰਦ ਸੀ। ਸਿਰਫ਼ ਮਨੁੱਖ ਜਿਸ ਭਾਈਚਾਰੇ ਨਾਲ ਸਬੰਧਿਤ ਹੁੰਦੇ ਸਨ ਉਨ੍ਹਾਂ ਤੋਂ ਮਦਦ ਲੈ ਲੈਂਦੇ ਸਨ । ਇਸ ਤਰ੍ਹਾਂ ਇੱਕ ਸਮਾਜ ਦੀ ਸ਼ੁਰੂਆਤ ਕਿਵੇਂ ਹੋਈ ? ਇਹ ਨਹੀਂ ਕਿਹਾ ਜਾ ਸਕਦਾ । ਪਰ ਇਹ ਜ਼ਰੂਰ ਹੈ ਕਿ ਮਨੁੱਖ ਸ਼ੁਰੂ ਵਿੱਚ ਨੈਤਿਕ ਸਬੰਧਾਂ ਕਰਕੇ ਇਕੱਠੇ ਹੋਏ ਅਤੇ ਹੌਲੀ -ਹੌਲੀ ਅੰਤਿਮ ਰੂਪ ਸਮਾਜ ਹੋਂਦ ਵਿੱਚ ਆਇਆ। ਇਸੇ ਤਰ੍ਹਾਂ ਹੌਲੀ -ਹੌਲੀ ਮਨੁੱਖ ਨੂੰ ਭੋਜਨ ਪੈਦਾ ਕਰਨਾ ਅਤੇ ਉਸ ਨੂੰ ਇਕੱਠਾ ਕਰਕੇ ਰੱਖਣਾ ਆ ਗਿਆ। ਜਿਸ ਨਾਲ ਪਹਿਲੀ ਵਾਰ ਮਨੁੱਖ ਨੇ ਅਨਾਜ ਨੂੰ ਸਾਂਝੀ ਸੰਪਤੀ ਦੇ ਤੌਰ ਉੱਤੇ ਰੱਖਣਾ ਸ਼ੁਰੂ ਕੀਤਾ ।ਫਿਰ ਪਰਿਵਾਰ ਨਾਂ ਦੀ ਸੰਸਥਾ ਨੇ ਜਨਮ ਲਿਆ ਅਤੇ ਹਰ ਇੱਕ ਮੈਂਬਰ ਨੂ ਉਸ ਦਾ ਹਿੱਸਾ ਮਿਲਣਾ ਸ਼ੁਰੂ ਹੋ ਗਿਆ। ਇਹ ਹਿੱਸਾ ਨੈਤਿਕ ਆਧਾਰ ਉੱਤੇ ਆਧਾਰਿਤ ਕੀਤਾ ਜਾਂਦਾ ਸੀ ।ਜਦੋਂ ਕੋਈ ਇਕ ਮੈਂਬਰ ਸਮਾਜਿਕ ਨੈਤਿਕਤਾ ਨੂੰ ਤੋੜਦਾ ਸੀ ਤਾਂ ਉੱਥੇ ਸਾਂਝੀਵਾਲਤਾ ਖਤਮ ਹੋ ਜਾਂਦੀ ਸੀ । ਇਸ ਦੇ ਨਾਲ ਪੂੰਜੀ ਨੂੰ ਜਾਂ ਸੰਪਤੀ ਨੂੰ ਲੈ ਕੇ ਝਗੜੇ ਵੀ ਹੁੰਦੇ ਸਨ।

7. **ਮਨੁੱਖੀ ਸਮਾਜ ਵਿੱਚ ਲੀਡਰਸ਼ਿਪ ਜਾਂ ਰਾਜੇ ਦੀ ਉਤਪਤੀ (Leadership or the Origin of a King in Human Society):** ਅਗਨਸੁਤਾ ਅਨੁਸਾਰ ਜਦੋਂ ਮਨੁੱਖ ਵਿੱਚ ਨੈਤਿਕਤਾ ਖ਼ਤਮ ਹੋ ਗਈ ਫਿਰ ਸੰਪੂਰਨ ਸਮਾਜ ਵੀ ਖ਼ਤਮ ਹੋ ਗਿਆ। ਲੋਕ ਸਵੈ-ਕੇਂਦਰਿਤ ਅਤੇ ਹੰਕਾਰੀ ਹੋ ਗਏ। ਫਿਰ ਜਿਹੜੇ ਚੰਗੇ ਅਤੇ ਸਮਝਦਾਰ ਲੋਕ ਸਨ ਉਨ੍ਹਾਂ ਨੂੰ ਨੈਤਿਕਤਾ ਸਥਾਪਤੀ ਲਈ ਲੋਕਾਂ ਨੇ ਆਪਣਾ ਲੀਡਰ ਚੁਣ ਲਿਆ । ਸਨਅਤਕਾਰਾਂ ਤੋਂ ਇਲਾਵਾ ਦੂਜਿਆਂ ਦੀ ਸੰਪਤੀ ਨੂੰ ਨੁਕਸਾਨ ਜਾਂ ਚੋਰੀ ਕਰਨ ਵਾਲਿਆਂ ਨੂੰ ਸਜ਼ਾ ਦੇਣ ਦਾ ਕੰਮ ਰਾਜੇ ਜਾਂ ਸ਼ਾਸਕ ਨੂੰ ਸੌਂਪਿਆ ਗਿਆ। ਲੋਕਾਂ ਦੇ ਕਾਰਜ ਕਰਨ ਬਦਲੇ ਰਾਜੇ ਨੂੰ ਅਨਾਜ ਦਾ ਕੁਝ ਹਿੱਸਾ ਦਿੱਤਾ ਜਾਣ ਲੱਗਿਆ । ਉਸ ਚੁਣੇ ਹੋਏ ਵਿਅਕਤੀ ਨੂੰ ਵੱਧ ਸਹੂਲਤਾਂ ਅਤੇ ਅਧਿਕਾਰ ਦਿੱਤੇ ਗਏ । ਜਿਸ ਕਰਕੇ ਉਸ ਨੂੰ ਰਾਜੇ ਦੀ ਪਦਵੀ ਦਿੱਤੀ ਗਈ । ਇਸ ਤਰ੍ਹਾਂ ਇਹ ਕਿਹਾ ਜਾ ਸਕਦਾ ਹੈ ਕਿ ਲੋਕ ਆਪਣਾ ਸ਼ਾਸਕ ਆਪ ਚੁਣਦੇ ਸਨ , ਜਿਸ ਦਾ ਮੁੱਖ ਕੰਮ ਜਨਤਾ ਦੀ ਭਲਾਈ ਅਤੇ ਕਾਨੂੰਨ ਵਿਵਸਥਾ ਬਣਾ ਕੇ ਰੱਖਣਾ ਸੀ।

8. **ਮਨੁੱਖਾਂ ਵਿਚਕਾਰ ਵਰਗੀਕਰਣ ਦੀ ਸ਼ੁਰੂਆਤ (The beginning of the classification between human beings):** ਸਮਾਜਿਕ ਸਥਿਤੀਆਂ ਵਿੱਚ ਪਰਿਵਰਤਨ ਦੇ ਨਾਲ ਸਮਾਜਿਕ ਬਣਤਰ ਵਿੱਚ ਵੀ ਤਬਦੀਲੀ ਆਈ। ਮਨੁੱਖਾਂ ਨੂੰ ਉਨ੍ਹਾਂ ਦੇ ਸਮਾਜ ਵਿੱਚ ਕੀਤੇ ਜਾਣ ਵਾਲੇ ਕੰਮਾਂ ਕਰਕੇ ਚਾਰ ਵਰਗਾਂ ਵਿੱਚ ਵੰਡਿਆ ਗਿਆ । ਜਿਹੜਾ ਸਮੂਹ ਸ਼ਾਸਕਾਂ ਅਤੇ ਯੋਧਿਆਂ ਦਾ ਸੀ ਉਸਨੂੰ ਕਸ਼ੱਤਰੀ, ਧਾਰਮਿਕ ਕੰਮ ਕਰਨ ਵਾਲੇ ਲੋਕਾਂ ਦੇ ਸਮੂਹ ਨੂੰ ਬ੍ਰਾਹਮਣ, ਵਪਾਰੀਆਂ ਦਾ ਕੰਮ ਕਰਨ ਵਾਲੇ ਨੂੰ ਵੈਸ਼ ਅਤੇ ਮਜ਼ਦੂਰਾਂ ਦੇ ਸਮੂਹ ਨੂੰ ਸ਼ੂਦਰ ਕਿਹਾ ਜਾਣ ਲੱਗਿਆ । ਪਰ ਇਹ ਵੰਡ ਪੱਕੀ ਨਹੀਂ ਸੀ। ਇੱਕ ਸਮੂਹ ਦਾ ਮੈਂਬਰ ਦੂਜੇ ਸਮੂਹ ਦੇ ਮੈਂਬਰਾਂ ਦਾ ਕੰਮ ਕਰ ਸਕਦਾ ਸੀ ਅਤੇ ਉਹ ਸਮੂਹ ਵਿੱਚ ਆਪਣੀ ਯੋਗਤਾ ਦੇ ਆਧਾਰ ’ਤੇ ਸ਼ਾਮਲ ਹੋ ਸਕਦਾ ਸੀ।

9. **ਰਾਜ ਦੇ ਟੀਚੇ ਜਾਂ ਕੰਮ (Goals and duties of state):** ਭਾਵੇਂ ਕਿ ਬੋਧੀ ਸਾਹਿਤ ਸਿੱਧੇ ਤੌਰ ’ਤੇ ਰਾਜ ਦੇ ਕੰਮਾਂ ਜਾਂ ਟੀਚਿਆਂ ਬਾਰੇ ਗੱਲ ਨਹੀਂ ਕਰਦਾ ਫਿਰ ਵੀ ਅਗਨਸੁਤਾ ਵਿੱਚ ਰਾਜ ਬਾਰੇ ਕਾਫੀ ਕੁਝ ਮਿਲ ਜਾਂਦਾ ਹੈ। ਇਸ ਵਿੱਚ ਲਿਖਿਆ ਗਿਆ ਹੈ ਕਿ ਰਾਜਾ ਅੰਤਿਮ ਰੂਪ ਵਿੱਚ ਜਨਤਾ ਲਈ ਜਵਾਬਦੇਹ ਹੈ । ਚੰਗੇ ਰਾਜ ਦਾ ਇਹ ਮੁੱਖ ਕੰਮ ਹੈ ਕਿ ਉਹ ਬਰਾਬਰਤਾ ਨੂੰ ਸਥਾਪਿਤ ਕਰੇ ਅਤੇ ਨਾ -ਬਰਾਬਰੀ ਨੂੰ ਖਤਮ ਕਰੇ। ਇਸੇ ਤਰ੍ਹਾਂ ਰਾਜ ਦੇ ਕੰਮਾਂ ਦਾ ਮਤਲਬ ਹੈ ਕਿ ਧਰਮ ਅਤੇ ਨਿਆਂ ਦੀ ਸਥਾਪਤੀ ਰਾਜ ਦੁਆਰਾ ਕੀਤੀ ਜਾਣੀ ਚਾਹੀਦੀ ਹੈ । ਇਸ ਤੋਂ ਇਲਾਵਾ ਰਾਜ ਨੂੰ ਅਜਿਹਾ ਵਾਤਾਵਰਨ ਕਾਇਮ ਕਰਨਾ ਚਾਹੀਦਾ ਹੈ ਜਿਸ ਵਿੱਚ ਲੋਕ ਦਿਮਾਗੀ, ਨੈਤਿਕ ਅਤੇ ਸਰੀਰਕ ਤੌਰ ‘ਤੇ ਉੱਨਤ ਹੋ ਸਕਣ। ਇਸ ਦੇ ਨਾਲ ਹੀ ਲੋਕਾਂ ਵਿੱਚ ਚੰਗੀਆਂ ਆਦਤਾਂ ਪੈਦਾ ਕਰਨਾ ਵੀ ਰਾਜ ਦਾ ਕੰਮ ਹੈ।

10. **ਰਾਜੇ ਜਾਂ ਸ਼ਾਸਕ ਦੇ ਗੁਣ (Qualities of a King):** ਅਗਨਸੁਤਾ ਅਨੁਸਾਰ ਰਾਜੇ ਨੂੰ ਦਾਨੀ ਪੁਰਖ ਹੋਣਾ ਚਾਹੀਦਾ ਹੈ। ਰਾਜੇ ਨੂੰ ਲੋਕਾਂ ਦੀ ਸੁਰੱਖਿਆ ਕਰਨੀ ਚਾਹੀਦੀ ਹੈ । ਚੰਗੇ ਕੰਮ ਕਰਨ ਵਾਲੇ ਲੋਕਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ। ਚੰਗੇ ਵਿਵਹਾਰ ਨੂੰ ਕਾਇਮ ਰੱਖਣਾ ਚਾਹੀਦਾ ਹੈ । ਉਸ ਨੂੰ ਆਪਣੇ ਨੇਕ ਵਿਵਹਾਰ ਨਾਲ ਜਨਤਾ ਲਈ ਮਿਸਾਲ ਕਾਇਮ ਕਰਨੀ ਚਾਹੀਦੀ ਹੈ । ਰਾਜ ਨੂੰ ਨਿਸ਼ਕਾਮ ਸੇਵਕ ਹੋਣਾ ਚਾਹੀਦਾ ਹੈ ਅਤੇ ਬਿਨਾਂ ਕਿਸੇ ਲਾਲਚ ਦੇ ਕੰਮ ਕਰਨਾ ਚਾਹੀਦਾ ਹੈ ਅਤੇ ਹਰ ਸਮੇਂ ਉਸ ਨੂੰ ਜਨਤਾ ਦੀ ਭਲਾਈ ਲਈ ਸੁੱਖ ਅਤੇ ਅਰਾਮ ਨੂੰ ਤਿਆਗਣ ਲਈ ਤਿਆਰ ਰਹਿਣਾ ਚਾਹੀਦਾ ਹੈ । ਇੱਥੋਂ ਤੱਕ ਕਿ ਉਸ ਨੂੰ ਜਨਤਾ ਦੀ ਭਲਾਈ ਲਈ ਆਪਣੇ ਜੀਵਨ ਦੀ ਵੀ ਪ੍ਰਵਾਹ ਨਹੀਂ ਕਰਨੀ ਚਾਹੀਦੀ । ਉਸ ਨੂੰ ਹਮੇਸ਼ਾਂ ਸੱਚ ਬੋਲਣਾ ਚਾਹੀਦਾ ਹੈ । ਉਹ ਨਿਮਰਤਾ ਭਰਪੂਰ ਹੋਣਾ ਚਾਹੀਦਾ ਹੈ। ਉਸ ਨੂੰ ਤਪ ਕਰਨਾ ਚਾਹੀਦਾ ਹੈ ਅਤੇ ਸਾਦਾ ਜੀਵਨ ਜਿਉਣਾ ਚਾਹੀਦਾ ਹੈ। ਉਸ ਨੂੰ ਗੁੱਸਾ ਨਹੀਂ ਆਉਣਾ ਚਾਹੀਦਾ ਸਗੋਂ ਉਸ ਨੂੰ ਠੰਡੇ ਦਿਮਾਗ ਨਾਲ ਫੈਸਲੇ ਕਰਨੇ ਚਾਹੀਦੇ ਹਨ । ਉਹ ਦਿਆਲੂ ਹੋਣਾ ਚਾਹੀਦਾ ਹੈ। ਉਸ ਨੂੰ ਮੁਸ਼ਕਿਲਾਂ ਦਾ ਸਾਹਮਣਾ ਧੀਰਜ ਨਾਲ ਕਰਨਾ ਚਾਹੀਦਾ ਹੈ। ਉਸ ਨੂੰ ਹਮੇਸ਼ਾ ਉਹ

ਕੰਮ ਕਰਨੇ ਚਾਹੀਦੇ ਹਨ ਜੋ ਲੋਕਾਂ ਦੀ ਭਲਾਈ ਲਈ ਹੋਣ। ਉਸ ਨੂੰ ਖੇਤੀਬਾੜੀ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਉਸ ਨੂੰ ਆਪਣੇ ਅਧਿਕਾਰੀਆਂ ਨੂੰ ਵੀ ਚੰਗੇ ਕੰਮ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ , ਜਿਸ ਲਈ ਉਸ ਨੂੰ ਇਨਾਮ ਦੇਣੇ ਚਾਹੀਦੇ ਹਨ । ਉਸ ਨੂੰ ਲੋਕਾਂ ਵਿੱਚ ਸਮਾਨਤਾ ਅਤੇ ਏਕਤਾ ਪੈਦਾ ਕਰਨੀ ਚਾਹੀਦੀ ਹੈ । ਉਹ ਇੱਕ ਚੰਗਾ ਬੁਲਾਰਾ ਹੋਣਾ ਚਾਹੀਦਾ ਹੈ ਤਾਂ ਜੋ ਲੋਕ ਉਸਨੂੰ ਸੁਣਨ ਅਤੇ ਉਸ ਉੱਤੇ ਵਿਸ਼ਵਾਸ ਕਰਨ। ਉਸ ਨੂੰ ਬੁਰੇ ਕੰਮਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

11. **ਨਾਗਰਿਕਾਂ ਵਿੱਚ ਗੁਣ** **(Qualities in Citizens):** ਜਿਹੋ ਜਿਹੇ ਗੁਣਾਂ ਦੀ ਆਸ ਰਾਜੇ ਵਿੱਚ ਕੀਤੀ ਗਈ ਹੈ ਉਹੀ ਗੁਣਾਂ ਦੀ ਆਸ ਆਮ ਜਨਤਾ ਜਾਂ ਪ੍ਰਜਾ ਤੋਂ ਵੀ ਕੀਤੀ ਗਈ ਹੈ । ਰਾਜੇ ਦੀ ਤਰ੍ਹਾਂ ਜਨਤਾ ਦਿਆਲੂ , ਸੱਚ ਬੋਲਣ ਵਾਲੀ, ਨੈਤਿਕ, ਚੰਗੀ,ਅਹਿੰਸਕ, ਭਲਾਈ ਅਤੇ ਦਾਨ ਆਦਿ ਕਰਨ ਵਾਲੀ ਹੋਣੀ ਚਾਹੀਦੀ ਹੈ । ਇਸੇ ਲਈ ਕਿਹਾ ਗਿਆ ਹੈ ਕਿ ਜਿਹੋ ਜਿਹੀ ਪ੍ਰਜਾ ਹੋਵੇਗੀ ਉਹੋ ਜਿਹਾ ਰਾਜਾ ਹੋਵੇਗਾ ਅਤੇ ਜਿਹੋ ਜਿਹਾ ਰਾਜਾ ਹੋਵੇਗਾ ਉਹੋ ਜਿਹੀ ਹੀ ਪ੍ਰਜਾ ਹੋਵੇਗੀ।
12. **ਅਪਰਾਧ ਸਬੰਧੀ ਸਜ਼ਾ ਦੀ ਵਿਵਸਥਾ** **(Provision of criminal punishment):** ਅਗਨ-ਸੁਤਾ ਵਿੱਚ ਅਪਰਾਧ ਸਬੰਧੀ ਵੀ ਵਿਚਾਰ ਦਿੱਤੇ ਗਏ ਹਨ । ਜਿਸ ਅਨੁਸਾਰ ਅਪਰਾਧ ਆਮ ਤੌਰ ਉੱਤੇ ਮਨੁੱਖੀ ਵਿਕਾਰਾਂ ਕਾਮ, ਕ੍ਰੋਧ, ਮੋਹ, ਲੋਭ, ਹੰਕਾਰ ਕਰਕੇ ਹੁੰਦੇ ਹਨ । ਇਸ ਲਈ ਮਨੁੱਖ ਨੂੰ ਕਰਮ ਅਤੇ ਬਚਨਾਂ ਦੁਆਰਾ ਹਿੰਸਾ ਕਰਨਾ ਵੀ ਅਪਰਾਧ ਹੈ। ਕਿਸੇ ਬਾਰੇ ਬੁਰਾ ਸੋਚਣਾ ਅਤੇ ਕਰਨਾ ਜਾਂ ਕਹਿਣਾ ਵੀ ਅਪਰਾਧ ਹੈ । ਮਹਾਤਮਾ ਬੁੱਧ ਅਨੁਸਾਰ ਅਪਰਾਧੀ ਨੂੰ ਨਫ਼ਰਤ ਨਹੀਂ ਕਰਨੀ ਚਾਹੀਦੀ ਸਗੋਂ ਉਸ ਨੂੰ ਸ਼ਰਮਿੰਦਾ ਕਰਕੇ ਫਿਰ ਉਸ ਨੂੰ ਆਮ ਜੀਵਨ ਜਿਊਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਮਨੁੱਖ ਨੂੰ ਗਿਆਨ ਦੁਆਰਾ ਉਸ ਨੂੰ ਉਤਸ਼ਾਹਿਤ ਕਰਕੇ ਉਸ ਵਿੱਚੋਂ ਅਪਰਾਧੀ ਪ੍ਰਵਿਰਤੀ ਨੂੰ ਖਤਮ ਕੀਤਾ ਜਾਣਾ ਚਾਹੀਦਾ । ਉਸ ਨੂੰ ਸਰੀਰਕ ਦੰਡ ਨਹੀਂ ਦਿੱਤਾ ਜਾਣਾ ਚਾਹੀਦਾ। ਇਸ ਤਰ੍ਹਾਂ ਮਨੁੱਖ ਵਿੱਚੋਂ ਅਪਰਾਧੀ ਪ੍ਰਵਿਰਤੀ ਨੂੰ ਕੱਢ ਕੇ ਉਸ ਵਿੱਚ ਸਮਾਜਿਕ ਗੁਣਾਂ ਨੂੰ ਉਤਪੰਨ ਕੀਤਾ ਜਾ ਸਕਦਾ ਹੈ ਅਤੇ ਅਪਰਾਧ ਨੂੰ ਜੜ੍ਹੋਂ ਖਤਮ ਕੀਤਾ ਜਾ ਸਕਦਾ ਹੈ।
13. ਮਨੁੱਖੀ ਅਧਿਕਾਰਾਂ ਸਬੰਧੀ ਵਿਚਾਰ : ਅਗਨਸੁਤਾਅਨੁਸਾਰ ਮਨੁੱਖ ਨੂੰ ਰਾਜਨੀਤਿਕ ,ਆਰਥਿਕ ਅਤੇ ਧਾਰਮਿਕ ਸੁਤੰਤਰਤਾ ਦੇ ਅਧਿਕਾਰ ਹੋਣੇ ਚਾਹੀਦੇ ਹਨ । ਇਸ ਤਰ੍ਹਾਂ ਹਰ ਮਨੁੱਖ ਨੂੰ ਸਮਾਨਤਾ ਦਾ ਅਧਿਕਾਰ ਵੀ ਪ੍ਰਾਪਤ ਹੋਣਾ ਚਾਹੀਦਾ ਹੈ ਕਿਉਂਕਿ ਸੁਤੰਤਰ ਅਤੇ ਸਾਮਾਨ ਮਨੁੱਖ ਹੀ ਅਸਲ ਵਿੱਚ ਮਨੁੱਖੀ ਜੀਵਨ ਜੀ ਸਕਦਾ ਹੈ।
14. **ਇਸਤਰੀ ਅਤੇ ਮਰਦਾਂ ਵਿੱਚ ਬਰਾਬਰਤਾ** **(Equality between men and women):** ਅਗਨ-ਸੁਤਾ ਅਨੁਸਾਰ ਮਰਦ ਅਤੇ ਇਸਤਰੀ ਵਿਚਕਾਰ ਕੋਈ ਅੰਤਰ ਨਹੀਂ ਕੀਤਾ ਜਾਣਾ ਚਾਹੀਦਾ ਹੈ । ਦੋਨੋਂ ਹੀ ਸਮਾਨ ਹਨ ਕਿਉਂਕਿ ਸ਼ੁਰੂ ਵਿੱਚ ਮਨੁੱਖ ਨੇ ਸਿਰਫ਼ ਇੱਕ ਮਨੁੱਖ ਦੇ ਤੌਰ 'ਤੇ ਜਨਮ ਲਿਆ ਸੀ ।ਹੌਲੀ-ਹੌਲੀ ਉਸ ਦੇ ਖਾਣ

ਪੀਣ ਦੀਆਂ ਆਦਤਾਂ ਕਰਕੇ ਮਨੁੱਖ ਅਤੇ ਇਸਤਰੀ ਵਿਚਕਾਰ ਅੰਤਰ ਕੀਤਾ ਜਾਣ ਲੱਗਿਆ ਪਰ ਫਿਰ ਵੀ ਮੌਜੂਦਾ ਸਮੇਂ ਦੇ ਵਿੱਚ ਵੀ ਇਸਤਰੀ ਅਤੇ ਮਰਦ ਵਿੱਚ ਕੋਈ ਅੰਤਰ ਨਹੀਂ ਕੀਤਾ ਜਾਣਾ ਚਾਹੀਦਾ।

15. **ਜਾਤ-ਪਾਤ ਦਾ ਵਿਰੋਧ (Views against casteism):** ਅਗਨ ਸੁਤਾ ਵਿੱਚ ਜਾਤ-ਪਾਤ ਦਾ ਵਿਰੋਧ ਕੀਤਾ ਗਿਆ ਹੈ। ਇਸ ਅਨੁਸਾਰ ਸ਼ੁਰੂ ਵਿੱਚ ਚਾਰ ਵਰਣ ਕੰਮ ਦੇ ਆਧਾਰ ਉੱਤੇ ਬਣਾਏ ਗਏ ਸਨ ਜੋ ਕਿ ਬਾਅਦ ਵਿੱਚ ਜਨਮ 'ਤੇ ਆਧਾਰਿਤ ਹੋ ਗਏ। ਇਸ ਲਈ ਮਨੁੱਖ ਸਿਰਫ਼ ਮਨੁੱਖ ਦੇ ਤੌਰ ਉੱਤੇ ਜਨਮ ਲੈਂਦਾ ਹੈ ਨਾ ਕਿ ਉਹ ਕਿਸੇ ਜਾਤ ਜਾਂ ਕਿਸੇ ਧਰਮ ਵਿੱਚ ਜਨਮ ਲੈਂਦਾ ਹੈ। ਇਸ ਕਰਕੇ ਸਾਰੀ ਮਨੁੱਖਤਾ ਨੂੰ ਸਾਮਾਨ ਮੰਨਣਾ ਚਾਹੀਦਾ ਹੈ ਕਿਉਂਕਿ ਸਾਰੇ ਮਨੁੱਖ ਸਾਮਾਨ ਹਨ ਅਤੇ ਉਨ੍ਹਾਂ ਵਿੱਚ ਜਾਤ-ਪਾਤ ਦੇ ਨਿਯਮ ਨਹੀਂ ਹੋਣੇ ਚਾਹੀਦੇ।

ਉਪਰੋਕਤ ਵਰਨਣ ਦੇ ਆਧਾਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਅਗ ਨ-ਸੁਤਾ ਵਿੱਚ ਦਿੱਤੇ ਗਏ ਵਿਚਾਰ ਉੱਚ-ਕੋਟੀ ਦੇ ਹਨ। ਜਿਸ ਨੇ ਉਸ ਸਮੇਂ ਦੀ ਰਾਜਨੀਤਕ , ਆਰਥਿਕ ਅਤੇ ਸਮਾਜਿਕ ਦਸ਼ਾ ਬਾਰੇ ਜਾਣਕਾਰੀ ਦਿੱਤੀ ਹੈ ।ਇਸ ਵਿੱਚ ਵਿਸਥਾਰ ਨਾਲ ਰਾਜ ਦੇ ਜਨਮ ਅਤੇ ਵਿਕਾਸ ਬਾਰੇ ਜਾਣਕਾਰੀ ਦਿੱਤੀ ਗਈ ਹੈ ਅਤੇ ਨਾਲ ਹੀ ਮਨੁੱਖ ਦੇ ਜਨਮ ਅਤੇ ਵਿਕਾਸ ਬਾਰੇ ਵੀ ਜਾਣਕਾਰੀ ਦਿੱਤੀ ਗਈ ਹੈ ਅਤੇ ਉਸ ਸਮੇਂ ਦੇ ਸਮਾਜ ਦੀ ਬਣਤਰ ਬਾਰੇ ਦੱਸਿਆ ਗਿਆ ਹੈ। ਇਸ ਤਰ੍ਹਾਂ ਇਹ ਗ੍ਰੰਥ ਪੁਰਾਤਨ ਭਾਰਤੀ ਰਾਜਨੀਤਕ ਚਿੰਤਨ ਦਾ ਇੱਕ ਮਹਾਨ ਸੋਮਾ ਹੈ।